ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਸ.ਅ.ਸ ਨਗਰ।
(ਸੈਕੰਡਰੀ ਸਿੱਖਿਆ ਸ਼ਾਖਾ)

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਪੰਜਾਬ।
ਮੀਮੋ ਨੰ. 511317 ਸੈ.ਸਿ (3)/ 127
ਮਿਤੀ ਸ.ਅ.ਸ ਨਗਰ 21-11-23

ਵਿਸ਼ਾ: ਸਕੂਲ ਆਫ ਐਮੀਨੈਂਸ ਤੇ ਲੜਕੀਆਂ ਦੇ ਚੁਣਿੰਦਾ ਸਕੂਲਾਂ ਨੂੰ ਟ੍ਰਾਂਸਪੋਰਟ ਸੁਵਿਧਾ ਦੇਣ ਸਬੰਧੀ ਮਿਤੀ 21-11-2023 ਨੂੰ ਹੋਈ ਰਿਵਿਊ ਮੀਟਿੰਗ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਮਿਤੀ 21-11-2023 ਨੂੰ ਮਾਨਯੋਗ ਵਿਸ਼ੇਸ਼ ਸਕੱਤਰ (ਚ) ਸਕੂਲ ਸਿੱਖਿਆ ਵਿਭਾਗ ਜੀ ਦੀ ਪ੍ਰਧਾਨਗੀ ਹੋਈ ਮੀਟਿੰਗ ਦੌਰਾਨ 134 ਸਕੂਲਾਂ ਨੂੰ ਟ੍ਰਾਂਸਪੋਰਟ ਸੁਵਿਧਾ ਦੇਣ ਸਬੰਧੀ ਰੀਵਿਊ ਕੀਤਾ ਗਿਆ ਜਿਸ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਅੰਮ੍ਰਿਤਸਰ, ਬਠਿੰਡਾ, ਫਤਿਹਗੜ੍ਹ ਸਾਹਿਬ, ਫਾਜ਼ਿਲਕਾ, ਫਿਰੋਜ਼ਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਮਲੇਰਕੋਟਲਾ, ਮਾਨਸਾ, ਮੋਗਾ, ਸ੍ਰੀ ਮੁਕਤਸਰ ਸਾਹਿਬ, ਪਠਾਨਕੋਟ, ਪਟਿਆਲਾ, ਰੂਪਨਗਰ, ਸੰਗਰੂਰ, ਸ.ਭ.ਸ ਨਗਰ ਅਤੇ ਤਰਨ ਤਾਰਨ ਜ਼ਿਲ੍ਹਿਆਂ ਦੇ ਬਹੁਤ ਸਾਰੇ ਸਕੂਲਾਂ ਵਿੱਚ ਟ੍ਰਾਂਸਪੋਰਟ ਸੁਵਿਧਾ ਸ਼ੁਰੂ ਨਹੀਂ ਕੀਤੀ ਗਈ ਜਦੋਂ ਕਿ ਪਹਿਲਾਂ ਹੀ ਇਹ ਸੁਵਿਧਾ ਸ਼ੁਰੂ ਕਰਨ ਲਈ ਮਿਤੀ 15-11-2023 ਦਾ ਸਮਾਂ ਦਿੱਤਾ ਗਿਆ ਸੀ। ਮਾਨਯੋਗ ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ (ਚ) ਜੀ ਦੇ ਹੁਕਮਾਂ ਅਨੁਸਾਰ ਮਿਤੀ 30-11-2023 ਤੱਕ ਬੱਸ ਸੁਵਿਧਾ ਸ਼ੁਰੂ ਕਰਨੀ ਯਕੀਨੀ ਬਣਾਈ ਜਾਵੇ।

ਜਿਨ੍ਹਾਂ ਸਕੂਲਾਂ ਵਿੱਚ ਬਸ ਸਰਵਿਸ ਸ਼ੁਰੂ ਨਹੀਂ ਕੀਤੀ ਗਈ, ਉਹਨਾਂ ਨਾਲ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਹੇਠ ਲਿਖੇ Format ਅਨੁਸਾਰ ਆਪਣੀ Signed undertaking ਵਿਭਾਗ ਨੂੰ ਜਲਦ ਤੋਂ ਜਲਦ ਭੇਜਣੀ ਯਕੀਨੀ ਬਣਾਈ ਜਾਵੇ:-

| ਜ਼ਿਲ੍ਹੇ ਦਾ ਨਾਮ: | | | | |
|---|---|---|---|---|
| ਲੜੀ ਨੰ. | ਸਕੂਲ ਦਾ ਨਾਮ | ਕੀ ਵਿਦਿਆਰਥੀਆ ਦੀ ਗਿਣਤੀ 25 ਤੋਂ ਘੱਟ ਹੈ | ਜੇਕਰ ਨਹੀਂ ਤਾਂ ਬੱਸ ਸਰਵਿਸ ਸ਼ੁਰੂ ਕਰਨ ਦੀ tentative date ਦੱਸੀ ਜਾਵੇ। | ਵਿਸ਼ੇਸ਼ ਕਥਨ |
| | | | | |

ਉਪਰੋਕਤ ਦਰਸਾਏ ਅਨੁਸਾਰ ਆਪਣੀ ਰਿਪੋਰਟ 24-11-2023, ਸ਼ੁੱਕਰਵਾਰ ਤੱਕ ਮੁੱਖ ਦਫਤਰ ਵਿੱਖੇ ਦਫਤਰ ਦੀ ਈ.ਮੇਲ ਆਈ.ਡੀ. dpiseadsa@punjabeducation.gov.in ਰਾਹੀਂ ਭੇਜਣੀ ਯਕੀਨੀ ਬਣਾਈ ਜਾਵੇ।

ਸਹਾਇਕ ਡਾਇਰੈਕਟਰ (ਸੈਸਿ)

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ, ਜਲੰਧਰ
ਪਿਛੂ ਅੰਕਣ ਨੰ. 3116152
ਮਿਤੀ ਜਲੰਧਰ 23/11/23

ਜ਼ਿਲ੍ਹਾ ਸਿੱਖਿਆ ਅਫਸਰ (ਸੈਸਿ)
ਜਲੰਧਰ